940.53
940.54
31
28492
28492

ਪ੍ਰਵੇਸ਼

G. 926

ਸੋਵੀਅਟ ਰੂਸ ਦੀਆਂ ਬਹਾਦਰ ਕੁੜੀਆਂ ਦੀਆਂ ਇਹ ਚਾਰ ਸਚੀਆਂ ਕਹਾਣੀਆਂ ਹਨ। ਇਹ ਰੂਸੀ ਜ਼ਬਾਨ 'ਚੋਂ ਅੰਗਰੇਜ਼ੀ ਵਿਚ ਤਰਜਮਾਂ ਹੋ ਚੁਕੀਆਂ ਹਨ। ਹੁਣ ਇਨ੍ਹਾਂ ਨੂੰ ਪੰਜਾਬੀ ਦਾ ਰੂਪ ਦਿਤਾ ਜਾ ਰਿਹਾ ਹੈ।

ਫ਼ੈਸਿਸਟਾਂ ਦੇ ਰੀਦ ਨੂੰ ਦੁਨੀਆ ਤੋਂ ਧੋਣ ਵਿਚ ਸੋਵੀਅਟ ਕੁੜੀਆਂ ਅਜ ਇਕ ਲਾਸਾਨੀ ਕੰਮ ਕਰ ਰਹੀਆਂ ਹਨ। ਉਹ, ਕੁਝ ਚਿਰ ਹੋਇਆ, ਸਕੂਲਾਂ ਵਿਚ ਪੜ੍ਹਦੀਆਂ ਸਨ, ਬਾਗ਼ਾਂ ਵਿਚ ਵਿਹਲਾ ਸਮਾਂ ਲੰਘਾਂਦੀਆਂ ਸਨ, ਹਸਦੀਆਂ, ਨਚਦੀਆਂ ਤੇ ਗਾਂਦੀਆਂ ਸਨ। ਹਾਸੇ ਦੀ ਜਿਹੜੀ ਛਣਕਾਰ ਇਨਕਲਾਬ ਨੇ ਰੂਸੀ ਕੁੜੀਆਂ ਨੂੰ ਬਖ਼ਸ਼ੀ ਹੈ, ਉਹ ਕਿਸੇ ਹੋਰ ਦੇਸ਼ ਦੀਆਂ ਧੀਆਂ ਪਾਸ ਨਹੀਂ।

ਪਰ ਅਜ ਉਹੋ ਰੂਸੀ ਕੁੜੀਆਂ ਸ਼ੇਰਨੀਆਂ ਵਾਂਗ ਜਰਮਨ ਵਹਿਸ਼ੀਆਂ ਨੂੰ ਚੀਰ ਸੁਟਣ ਲਈ ਰਣ ਭੂਮੀ ਵਿਚ ਆ ਕੁਦੀਆਂ ਹਨ। ਹਾਸਾ, ਖੇਡ, ਗਾਣਾ, ਨਾਚ, ਉਹ ਸਭ ਕੁਝ ਭੁਲ ਚੁਕੀਆਂ ਹਨ। ਉਹ ਗੰਭੀਰ ਦਿਸਦੀਆਂ ਹਨ। ਮਾਤ ਭੂਮੀ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਹਨ। ਫ਼ੈਸਿਸਟਾਂ ਨੇ ਉਨ੍ਹਾਂ ਦੇ ਘਰ ਢਾਹ ਦਿੱਤੇ ਹਨ, ਖੇਤ ਸਾੜ ਮੁੱਟੇ ਹਨ, ਬੱਚਿਆਂ, ਬੁੱਢਿਆਂ, ਇਸਤ੍ਰੀਆਂ ਨੂੰ ਬੜੀ ਬੇ-ਰਹਿਮੀਂ ਨਾਲ ਕਤਲ ਕੀਤਾ ਹੈ, ਉਹ ਇਨ੍ਹਾਂ ਅਤਿਆਚਾਰਾਂ ਦਾ ਬਦਲਾ ਲੈਣ ਲਈ ਉਤਾਵਲੀਆਂ ਹਨ। ਗੁੱਸੇ ਤੇ ਨਫ਼ਰਤ ਦੀਆਂ ਲਾਟਾਂ ਉਨ੍ਹਾਂ ਅੰਦਰ ਬਲ ਰਹੀਆਂ ਹਨ। ਇਨ੍ਹਾਂ ਸੋਵੀਅਟ ਕੁੜੀਆਂ ਨੇ ਆਪਣੇ ਲਹੂ ਨਾਲ ਇਕ ਸਦਾ ਜਿਉਂਦੀ ਕਹਾਣੀ ਲਿਖੀ ਹੈ। ਇਨ੍ਹਾਂ ਨੇ ਆਪਣੀ ਜਵਾਨੀ,

SARDAR (LAHORE) LIBRARY

ਆਪਣੀ ਤਾਕਤ, ਆਪਣਾ ਖ਼ੂਨ ਤੇ ਆਪਣਾ ਦਿਲ – ਸਭ ਕੁਝ ਆਪਣੇ ਪਿਆਰੇ ਦੇਸ਼ ਦੀ ਭੇਟਾ ਕਰ ਦਿੱਤਾ ਹੈ। ਰੂਸ ਨੂੰ ਆਪਣੀਆਂ ਇਨ੍ਹਾਂ ਧੀਆਂ ਦਾ ਫ਼ਖ਼ਰ ਹੈ। ਦੁਨੀਆ ਭਰ ਦੇ ਕਵੀ, ਚਿਤ੍ਰਕਾਰ, ਬੁਤਕਾਰ ਤੇ ਗਵਈਏ ਇਨ੍ਹਾਂ ਜਾਂ-ਨਿਸਾਰ ਸੋਵੀਅਟ ਕੁੜੀਆਂ ਦੀਆਂ ਕਹਾਣੀਆਂ ਸੁਣਾਨਗੇ। ਨੌਜੁਆਨ ਮੁੰਡੇ ਤੇ ਕੁੜੀਆਂ ਇਨ੍ਹਾਂ ਦੇ ਪੈਰ-ਨਿਸ਼ਾਨਾਂ ਤੇ ਚਲਣਗੇ।

ਇਹ ਕਹਾਣੀਆਂ ਪੇਸ਼ ਕਰਨ ਤੋਂ ਮੇਰਾ ਮਨੋਰਥ ਆਪਣੇ ਦੇਸ਼ ਦੀਆਂ ਨੌਜੁਆਨ ਕੁੜੀਆਂ ਨੂੰ ਟੁੰਬਣਾ ਹੈ, ਉਨ੍ਹਾਂ ਅੰਦਰ ਉਤਸਾਹ ਤੇ ਨਵਾਂ ਲਹੂ ਭਰਨਾ ਹੈ। ਜਾਪਾਨੀ ਫ਼ੈਸਿਸਟ ਸਾਡੇ ਦੇਸ਼ ਨੂੰ ਆਪਣੇ ਖ਼ੂਨੀ ਪੰਜੇ ਵਿਚ ਜਕੜਨ ਲਈ ਵਿਉਂਤਾਂ ਸੋਚ ਰਹੇ ਹਨ। ਕਲਕਤੇ, ਚਟਾ ਗਾਂਗ ਅਤੇ ਕਈ ਹੋਰ ਸ਼ਹਿਰਾਂ ਤੇ ਬੰਬਾਂ ਦੀ ਵਰਖਾ ਹੋ ਚੁਕੀ ਹੈ। ਸਾਡੀਆਂ ਕਈ ਭੈਣਾਂ ਤੇ ਵੀਰ ਬੰਗਾਲ ਦੀ ਸਰ-ਜ਼ਮੀਨ ਨੂੰ ਆਪਣੇ ਲਹੂ ਨਾਲ ਸਿੰਜ ਚੁਕੇ ਹਨ। ਹੋ ਸਕਦਾ ਹੈ, ਜਾਪਾਨੀ ਬਘਿਆੜ ਸਾਡੇ ਦੇਸ਼ ਤੇ ਕੋਈ ਵਡਾ ਹਮਲਾ ਕਰ ਦੇਣ। ਉਹ ਏਥੇ ਵੀ ਚੀਨ ਵਿਚ ਕੀਤੇ ਆਪਣੇ ਖ਼ੂਨੀ-ਅਤਿਆਚਾਰਾਂ ਨੂੰ ਦਹੁਰਾਣਗੇ। ਸਾਡੇ ਬਚਿਆਂ ਤੇ ਇਸਤ੍ਰੀਆਂ ਨੂੰ ਕਤਲ ਕੀਤਾ ਜਾਵੇਗਾ, ਸਾਡੀਆਂ ਭੈਣਾਂ ਦੀ ਬੇਇਜ਼ਤੀ ਕੀਤੀ ਜਾਵੇਗੀ। ਪਰ ਕੀ ਅਸੀ ਇਹ ਕੁਝ ਹੋਣ ਦਿਆਂਗੇ ? ਨਹੀਂ, ਅਸੀ ਇਨ੍ਹਾਂ ਵਹਿਸ਼ੀਆਂ ਦਾ ਉਸੇ ਤਰ੍ਹਾਂ ਮੂੰਹ ਭੰਨਾਂਗੇ, ਜਿਸ ਤਰ੍ਹਾਂ ਰੂਸੀਆਂ ਨੇ ਨਾਜ਼ੀ ਕੁਤਿਆਂ ਦਾ ਭੰਨਿਆ ਹੈ। ਸਾਡੀਆਂ ਭੈਣਾਂ ਵੀ ਆਪਣੀਆਂ ਰੂਸੀ ਭੈਣਾਂ ਵਾਂਗ ਬਹਾਦਰੀ, ਦ੍ਰਿੜ੍ਹਤਾ ਤੇ ਜਾਂ-ਨਿਸਾਰੀ ਦੇ ਉਹ ਕਾਰਨਾਮੇ ਦਿਖਾਣਗੀਆਂ ਕਿ ਦੁਨੀਆਂ ਹੈਰਾਨ ਰਹਿ ਜਾਏਗੀ। ਹਿੰਦੁਸਤਾਨ ਨੂੰ ਵੀ ਆਪਣੀਆਂ ਧੀਆਂ ਦਾ ਮਾਣ ਹੈ।

ਪ੍ਰੀਤ ਨਗਰ
10-3-43.

"ਸਹਿਰਾਈ"

ਐਨਾ

ਛਾਪਾ-ਮਾਰ ਦਸਤੇ ਦੀ ਇਕ ਕੁੜੀ

ਇਹ ਉਨ੍ਹਾਂ ਦਿਨਾਂ ਦੀ ਗਲ ਏ, ਜਦੋਂ ਜੰਗ ਅਜੇ ਸ਼ੁਰੂ ਹੀ ਹੋਈ ਸੀ। ਯੰਗ ਕਮਿਊਨਿਸਟ ਲੀਗ (ਨੌਜੁਆਨ ਕਮਿਊਨਿਸਟ ਸਭਾ) ਦੀ ਜ਼ਿਲਾ-ਕਮੇਟੀ ਦੇ ਦਫ਼ਤਰ ਵਿਚ ਰਾਤ ਭਰ ਪਹੁ ਫੁਟਾਲੇ ਤਕ ਰੌਲਾ ਪੈਂਦਾ ਰਿਹਾ। ਸਵੇਰ ਸਾਰ ਨੌਜੁਆਨ ਮੁੰਡੇ ਰਣ-ਭੂਮੀ ਵਿਚ ਉਨ੍ਹਾਂ ਸ਼ੈਤਾਨ ਜਰਮਨਾਂ ਦਾ ਮੁਕਾਬਲਾ ਕਰਨ ਜਾ ਰਹੇ ਸਨ, ਜਿਹੜੇ ਚੋਰਾਂ ਵਾਂਗ ਉਨ੍ਹਾਂ ਦੇ ਪਿਆਰੇ ਦੇਸ਼ ਵਿਚ ਘੁਸ ਆਏ ਸਨ। ਨੌਜੁਆਨਾਂ ਦੀਆਂ ਅੱਖਾਂ ਗੁੱਸੇ, ਨਫ਼ਰਤ ਅਤੇ ਮਾਣ ਨਾਲ ਚਮਕ ਰਹੀਆਂ ਸਨ। ਹਰ ਇਕ ਰੂਸੀ ਮੁੰਡੇ ਅਤੇ ਕੁੜੀ ਦਾ ਦਿਲ ਆਪਣੇ ਦੇਸ਼ ਦੇ, ਅਤੇ ਸਾਰੀ ਮਨੁੱਖਤਾ ਦੇ ਵੈਰੀ ਜਰਮਨ ਫ਼ੈਸਿਸਟਾਂ ਲਈ ਨਫ਼ਰਤ ਨਾਲ ਭਰਿਆ ਪਿਆ ਸੀ। ਹੁਣ ਵੇਲਾ ਆ ਪੁਜਾ ਸੀ ਕਿ ਰੂਸ ਦੇ ਬਹਾਦਰ ਮੁੰਡੇ ਤੇ ਕੁੜੀਆਂ ਆਪਣੇ ਦੇਸ਼ ਦੀ ਆਜ਼ਾਦੀ ਅਤੇ ਰਖਿਆ ਲਈ ਆਪਣੇ ਸਿਰਾਂ ਦੀ ਬਾਜ਼ੀ ਲਾ ਦੇਣ।

ਨੌਜੁਆਨ ਕਮਿਊਨਿਸਟ ਮੁੰਡਿਆਂ ਤੇ ਕੁੜੀਆਂ ਨੇ ਐਨਾ ਨੂੰ ਘੇਰਿਆ ਹੋਇਆ ਸੀ। ਐਨਾ ਯੰਗ ਕਮਿਊਨਿਸਟ ਲੀਗ ਦੀ ਜ਼ਿਲਾ-ਕਮੇਟੀ ਦੀ ਸਕੱਤਰ ਸੀ। ਸਾਰਿਆਂ ਨੇ ਐਨਾ ਨਾਲ ਏਨਾਂ ਘੁਟ ਘੁਟ ਕੇ ਹਥ ਮਿਲਾਇਆ ਕਿ ਉਸ ਦਾ ਹਥ ਹੀ ਦਰਦ ਕਰਨ ਲਗ ਪਿਆ। ਐਨਾ ਵਿਦਾ ਕਰਨ ਤੋਂ ਪਹਿਲਾਂ ਸਭ ਨੂੰ ਸੰਬੋਧਨ ਕਰ ਕੇ ਬੋਲੀ, "ਸਾਥੀਓ ! ਅਸੀ ਫੇਰ ਮਿਲਾਂਗੇ। ਇਸ ਖ਼ੂਨੀ ਮਗਰ ਮਛ ਹਿਟਲਰ ਦੀ ਖੱਲ ਲਾਹਣ ਪਿਛੋਂ ਅਸੀ ਫੇਰ ਇਕਠੇ ਹੋਵਾਂਗੇ। ਇਕੱਠੇ ਪੜ੍ਹਾਂਗੇ, ਕੰਮ ਕਰਾਂਗੇ ਤੇ ਨਵੀਂ ਦੁਨੀਆ ਦੀ ਉਸਾਰੀ ਕਰਾਂਗੇ ... ... ਇਨ੍ਹਾਂ ਖ਼ੂਨੀ ਬਘਿਆੜਾਂ ਨੂੰ ਮਾਰ

ਮਾਰ ਕੇ ਮੁਲਕ 'ਚੋਂ ਬਾਹਰ ਕਢ ਦਿਉ।"

ਐਨਾ ਦਾ ਮੂੰਹ ਜੋਸ਼ ਨਾਲ ਚਮਕ ਉਠਿਆ। ਉਹ ਕਿੰਨੀ ਖ਼ੁਸ਼ ਹੁੰਦੀ, ਜੇ ਅਜ ਉਹ ਵੀ ਇਨ੍ਹਾਂ ਨੌਜੁਆਨਾਂ ਵਾਂਗ ਫੌਜੀ ਵਰਦੀ ਪਾ ਕੇ ਆਪਣੀ ਮਾਤ-ਭੂਮੀ ਲਈ ਲੜ ਸਕਦੀ, ਜਾਨ ਦੇ ਸਕਦੀ। ਇਨ੍ਹਾਂ ਖ਼ਿਆਲਾਂ ਵਿਚ ਹੀ ਉਹ ਖਿੜਕੀ ਕੋਲ ਪਹੁੰਚ ਗਈ ਤੇ ਗੁੱਸੇ ਵਿਚ ਬੋਲੀ, "ਮੈਂ ਇਕ ਕੁੜੀ ਦੇ ਰੂਪ ਵਿਚ ਕਿਉਂ ਜੰਮੀ!"

ਨੌਜੁਆਨ ਕਮਿਊਨਿਸਟ ਮੁੰਡਿਆਂ ਦੇ ਕਦਮਾਂ ਦੀ ਆਵਾਜ਼ ਮਧਮ ਪੈਂਦੀ ਗਈ, ਤੇ ਆਖ਼ਰਕਾਰ ਦੂਰ ਫ਼ਾਸਲੇ ਵਿਚ ਗੁਆਚ ਗਈ। ਉਨ੍ਹਾਂ ਦੇ ਜੰਗੀ-ਗੀਤਾਂ ਦੀਆਂ ਅੰਤਲੀਆਂ ਸੁਰਾਂ ਵੀ ਹਵਾ ਵਿਚ ਘੁਲ ਮਿਲ ਗਈਆਂ। ਐਨਾ ਛਾਤੀ ਤਾਣ ਕੇ ਖਲੋ ਗਈ ਤੇ ਉਨ੍ਹਾਂ ਲੋਕਾਂ ਕੋਲ ਵਾਪਸ ਆਕੇ ਕਹਿਣ ਲਗੀ, ਜਿਹੜੇ ਪਿਛਾਂਹ ਰਹਿ ਗਏ ਸਨ, "ਤੁਸੀ ਚੁੱਪ ਕਿਉਂ ਹੋ, ਸਾਡੇ ਪਾਸੇ ਮੋਰਚੇ ਦੇ ਪਿਛੇ ਕਰਨ ਨੂੰ ਬਹੁਤ ਕੰਮ ਹੈ। ਉਠੋ, ਅਸੀ ਪੂਰੇ ਤਨ ਮਨ ਨਾਲ ਆਪਣੇ ਕੰਮ ਵਿਚ ਜੁਟ ਜਾਈਏ।"

ਤੇ ਐਨਾ ਨੇ ਕਾਮਸੋਮੋਲ* ਮੁੰਡਿਆਂ ਤੇ ਕੁੜੀਆਂ ਨਾਲ ਮਿਲ ਕੇ ਜ਼ਿਲੇ ਦੇ ਪੁਲਾਂ, ਸੜਕਾਂ, ਖੂਹਾਂ ਤੇ ਖੇਤਾਂ ਦਾ ਪਹਿਰਾ ਦੇਣਾ ਸ਼ੁਰੂ ਕਰ ਦਿਤਾ। ਯੰਗ ਕਮਿਊਨਿਸਟ ਲੀਗ ਦੇ ਇਸ ਛੋਟੇ ਜਿਹੇ ਦਫ਼ਤਰ ਵਿਚ ਟੈਲੀਫ਼ੋਨ ਦੀ ਘੰਟੀ ਸਾਰੀ ਰਾਤ ਵਜਦੀ ਰਹਿੰਦੀ। ਪਾਰਟੀ ਦੀ ਜ਼ਿਲਾ-ਕਮੇਟੀ, ਜ਼ਿਲੇ ਦੀ ਸੋਵੀਅਟ (ਪੰਚਾਇਤ) ਅਤੇ ਫੌਜੀ ਦਫ਼ਤਰ ਤੋਂ ਸੁਨੇਹੇ ਆਉਂਦੇ ਰਹਿੰਦੇ।

ਇਕ ਦਿਨ ਟੈਲੀਫ਼ੋਨ ਉੱਤੇ ਫੌਜੀ ਦਫ਼ਤਰ ਤੋਂ ਮੰਗ ਆਈ, "ਐਨਾ

*ਕਾਮਸੋਮੋਲ ਨੌਜੁਆਨ ਕਮਿਊਨਿਸਟਾਂ ਦੀ ਤਹਿਰੀਕ ਦਾ ਨਾਂ ਹੈ ਇਸ ਤਹਿਰੀਕ ਦਾ ਮਨੋਰਥ ਨੌਜੁਆਨ ਮੁੰਡਿਆਂ ਤੇ ਕੁੜੀਆਂ ਨੂੰ ਕਮਿਊਨਿਸਟ ਯੰਗ ਉਤੇ ਸਿਖਿਆ ਦੇਣੀ ਤੇ ਉਨ੍ਹਾਂ ਨੂੰ ਕਮਿਊਨਿਸਟ ਪਾਰਟੀ ਦੀ ਮੈਂਬਰੀ ਲਈ ਤਿਆਰ ਕਰਨਾ ਹੈ। ਇਸ ਤਹਿਰੀਕ ਦਾ ਨਾਂ ਯੰਗ ਕਮਿਊਨਿਸਟ ਲੀਗ ਵੀ ਹੈ।

ਕੀ ਤੁਸੀ ਇਕ ਘੰਟੇ ਦੇ ਅੰਦਰ ਅੰਦਰ ਪੰਜਾਹ ਕਮਿਊਨਿਸਟ ਮੁੰਡੇ ਏਥੇ ਭੇਜ ਸਕਦੇ ਹੋ?"

"ਹਾਂ, ਭੇਜ ਸਕਦੀ ਹਾਂ, ਪਰ ਕੰਮ ਕਿਹੋ ਜਿਹਾ ਹੈ।" ਐਨਾ ਨੇ ਜਵਾਬ ਵਿਚ ਪੁੱਛਿਆ। "ਖੰਦਕਾਂ ਪੁਟਣੀਆਂ ਹਨ," ਅਫ਼ਸਰ ਨੇ ਦਸਿਆ। ਤੇ ਇਕ ਘੰਟੇ ਦੇ ਅੰਦਰ ਅੰਦਰ ਪੰਜਾਹ ਮੁੰਡੇ ਉਸ ਪਾਸ ਪੁਜ ਗਏ।

ਲੜਾਈ ਜ਼ਿਲੇ ਦੇ ਨੇੜੇ, ਹੋਰ ਨੇੜੇ ਪਹੁੰਚ ਰਹੀ ਸੀ। ਜ਼ਖ਼ਮੀ ਸਿਪਾਹੀਆਂ ਨੂੰ ਸ਼ਹਿਰ ਵਿਚ ਲਿਆਂਦਾ ਜਾਣ ਲਗਾ। ਕੁੜੀਆਂ ਹਸਪਤਾਲ ਵਿਚ ਚਲੀਆਂ ਗਈਆਂ। ਐਨਾ ਨੇ ਵੀ ਆਪਣਾ ਸਾਰਾ ਸਮਾਂ ਜ਼ਖ਼ਮੀਆਂ ਦੀ ਭੇਟਾ ਕਰ ਦਿੱਤਾ।

ਦੁਸ਼ਮਣ ਹੁਣ ਸ਼ਹਿਰ ਦੇ ਲਾਗੇ ਹੀ ਪਹੁੰਚ ਗਿਆ ਸੀ। ਗੋਲੇ ਤੇ ਬੰਬ ਫਟਣ ਦੀ ਆਵਾਜ਼ ਸਾਫ਼ ਸੁਣਾਈ ਦੇਣ ਲਗੀ। ਨੇੜੇ ਦੇ ਪਿੰਡਾਂ 'ਚੋਂ ਪਨਾਹ ਲੈਣ ਵਾਲੇ ਲੋਕ ਏਥੇ ਪੁਜ ਰਹੇ ਸਨ – ਥੱਕੇ ਟੁੱਟੇ, ਜ਼ਖ਼ਮਾਂ ਨਾਲ ਭਰੇ ਤੇ ਲਹੂ ਨਾਲ ਲਿਬੜੇ ਹੋਏ। ਉਹ ਗੁਸੇ ਤੇ ਨਫ਼ਰਤ ਨਾਲ ਮੁੱਕੀਆਂ ਵੱਟ ਵੱਟ ਕੇ ਹਿਟਲਰ ਦੇ ਜ਼ੁਲਮਾਂ ਦੀਆਂ ਕਹਾਣੀਆਂ ਸੁਣਾਂਦੇ ਸਨ – ਕਿ ਕਿਸ ਤਰ੍ਹਾਂ ਲਹੂ-ਤਿਹਾਏ ਨਾਜ਼ੀ ਬੁੱਢੇ ਰੂਸੀਆਂ ਨੂੰ ਧਰਤੀ ਵਿਚ ਜਿਉਂਦਿਆਂ ਦਬ ਦੇਂਦੇ ਸਨ, ਮਾਵਾਂ ਸਾਹਮਣੇ ਧੀਆਂ ਦੀ ਬੇਇਜ਼ਤੀ ਕਰਦੇ, ਤੇ ਗਰਭਵਤੀਆਂ ਦੇ ਢਿਡਾਂ ਵਿਚ ਸੰਗੀਨਾਂ ਖੋਭ ਦੇਂਦੇ ਸਨ। ਸਕੂਲ-ਪੜ੍ਹਦੇ ਬੱਚਿਆਂ ਨੂੰ ਖੂਹਾਂ ਵਿਚ ਸੁਟ ਦੇਂਦੇ ਸਨ ... ...।

ਐਨਾ ਅੰਦਰ ਬਦਲੇ ਦੀ ਅਗ ਬਲ ਰਹੀ ਸੀ।

"ਐਨਾ! ਹੁਣ ਕੀ ਬਣੇਗਾ? ਜਰਮਨ ਸ਼ਹਿਰ ਦੇ ਨੇੜੇ ਆ ਚੁੱਕੇ ਹਨ?" ਉਥੇ ਇਕੱਠੇ ਹੋਏ ਲੋਕਾਂ ਨੇ ਪੁਛਿਆ।

"ਹਾਂ, ਉਹ ਨੇੜੇ ਆ ਪੁਜੇ ਹਨ, ਸਾਡੇ ਮੋਰਚੇ ਟੁਟ ਗਏ ਹਨ, ਪਰ ਸਾਨੂੰ ਹਰ ਇਕ ਹਾਲਤ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਥੀਓ! ਜੰਗ ਆਖਰ ਜੰਗ ਹੈ," ਐਨਾ ਨੇ ਕਿਸੇ ਅਡੋਲ ਤੇ ਦ੍ਰਿੜ੍ਹ ਇਰਾਦੇ ਨਾਲ ਜਵਾਬ ਦਿੱਤਾ। ਉਹ ਕੁਝ ਚਿਰ ਠਹਿਰ ਕੇ ਫੇਰ ਬੋਲੀ, "ਆਪਣੇ ਹੀ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.